ਪੰਜਾਬੀ ਯੂਨੀਵਰਸਿਟੀ, ਪਟਿਆਲਾ
(1961 ਦੇ ਪੰਜਾਬ ਐਕਟ ਨੰ: 35 ਤਹਿਤ ਸਥਾਪਤ)
NAAC Accreditation: A+ Grade

ਵਿਗਿਆਪਨ ਨੰ: 2843/ਡੀ.ਪੀ.ਆਰ ਮਿਤੀ:13.11.2026

ਪੰਜਾਬੀ ਯੂਨੀਵਰਸਿਟੀ ਦੇ ਸੀਨੀਅਰ ਸੈਕੰਡਰੀ ਮਾਡਲ ਸਕੂਲ ਵਿਚ ਵੱਖ-ਵੱਖ ਆਸਾਮੀਆਂ ਤੇ ਨਿਯੁਕਤੀ ਲਈ ਡਿਪਟੀ ਰਜਿਸਟਰਾਰ (ਅਮਲਾ) ਦੇ ਦਫਤਰ ਵਿਚ ਮਿਤੀ.26.11.2026. ਤੱਕ ਪੁਜਣਯੋਗ ਅਰਜ਼ੀਆਂ ਦੀ ਮੰਗ ਕੀਤੀ ਜਾਂਦੀ ਹੈ

1. ਲੈਕਚਰਾਰ ਕਾਡਰ:- 08

1. English (ਅੰਗਰੇਜੀ)=02 (01 SC Mazbhi /Balmiki-L+ 01 Gen (EWS-L),
2. Commerce (ਕਾਮਰਸ)=02 (01 SC (R &O+01 Gen-EXS-L),
3. Punjabi (ਪੰਜਾਬੀ)=01, BC (L)
4. Physics (ਭੌਤਿਕ ਵਿਗਿਆਨ)=01, SC (Mazbhi /Balmiki)
5. Biology (ਜੀਵ ਵਿਗਿਆਨ)=01, PHY (Handicapped (L)
6. History (ਇਤਿਹਾਸ)-01 SC (R &O-(L)

ਤਨਖਾਹ ਸਕੇਲ:-35400-112400 (ਲੇਵਲ-6)

ਯੋਗਤਾਵਾਂ:-

1. **ਅੰਗਰੇਜੀ:-** ਘੱਟੋ-ਘੱਟ 55% ਅੰਕਾਂ ਨਾਲ ਐਮ.ਏ. ਅੰਗਰੇਜ਼ੀ; ਅੰਗਰੇਜ਼ੀ ਟੀਚਿੰਗ ਵਿਸ਼ੇ ਵਜੋਂ ਬੀ.ਐੱਡ .; ਅਤੇ ਗ੍ਰੈਜੂਏਸ਼ਨ ਵਿੱਚ ਤਿੰਨ ਸਾਲ ਅੰਗਰੇਜ਼ੀ ਚੋਣਵੇਂ ਵਿਸ਼ੇ ਵਜੋਂ ਪੜ੍ਹੀ ਹੋਵੇ।
2. **ਕਾਮਰਸ:-** ਘੱਟੋ-ਘੱਟ 55% ਅੰਕਾਂ ਨਾਲ ਐਮ.ਕਾਮ/ ਚਾਰਟਰਡ ਅਕਾਊਂਟੈਂਟ /ਆਈ.ਸੀ.ਡਬਲਯੂ.ਏ. (ਜਾਂ ਸੰਬੰਧਿਤ ਯੂਨੀਵਰਸਿਟੀ/ਸੰਸਥਾ ਦੇ ਬਰਾਬਰਤਾ ਸਰਟੀਫਿਕੇਟ ਨਾਲ ਬਰਾਬਰ ਯੋਗਤਾ); ਅਤੇ ਬੀ.ਐੱਡ।
3. **ਪੰਜਾਬੀ:-** ਘੱਟੋ-ਘੱਟ 55% ਅੰਕਾਂ ਨਾਲ ਐਮ.ਏ. ਪੰਜਾਬੀ; ਪੰਜਾਬੀ ਟੀਚਿੰਗ ਵਿਸ਼ੇ ਵਜੋਂ ਬੀ.ਐੱਡ.; ਅਤੇ ਗ੍ਰੈਜੂਏਸ਼ਨ ਵਿੱਚ ਤਿੰਨ ਸਾਲ ਪੰਜਾਬੀ ਚੋਣਵੇਂ ਵਿਸ਼ੇ ਵਜੋਂ ਪੜ੍ਹੀ ਹੋਵੇ।
4. **ਭੌਤਿਕ ਵਿਗਿਆਨ:-** ਘੱਟੋ-ਘੱਟ 55% ਅੰਕਾਂ ਨਾਲ ਐਮ.ਐੱਸ. ਸੀ. ਫਿਜ਼ਿਕਸ, ਅਪਲਾਈਡ ਫਿਜ਼ਿਕਸ, ਨਿਊਕਲੀਅਰ ਫਿਜ਼ਿਕਸ ਜਾਂ ਇਲੈਕਟ੍ਰਾਨਿਕਸ ਫਿਜ਼ਿਕਸ (ਜਾਂ ਬਰਾਬਰਤਾ ਸਰਟੀਫਿਕੇਟ ਨਾਲ ਬਰਾਬਰ ਯੋਗਤਾ); ਅਤੇ ਸਾਇੰਸ, ਫਿਜ਼ਿਕਸ ਜਾਂ ਫਿਜ਼ੀਕਲ ਸਾਇੰਸ (ਜ਼) ਟੀਚਿੰਗ ਵਿਸ਼ੇ ਵਜੋਂ ਬੀ.ਐੱਡ।
5. **ਜੀਵ ਵਿਗਿਆਨ:-** ਘੱਟੋ-ਘੱਟ 55% ਅੰਕਾਂ ਨਾਲ ਐਮ.ਐੱਸ.ਸੀ. ਬੋਟਨੀ, ਜ਼ੂਆਲੋਜੀ, ਬਾਇਓ-ਟੈੱਕ, ਬਾਇਓ-ਕੈਮਿਸਟਰੀ, ਮਾਈਕਰੋ-ਬਾਇਓਲੋਜੀ, ਹਿਊਮਨ ਬਾਇਓਲੋਜੀ ਜਾਂ ਜੈਨੇਟਿਕਸ (ਜਾਂ ਬਰਾਬਰਤਾ ਸਰਟੀਫਿਕੇਟ ਨਾਲ ਬਰਾਬਰ ਯੋਗਤਾ); ਅਤੇ ਸਾਇੰਸ, ਬਾਇਓਲੋਜੀ ਜਾਂ ਲਾਈਫ ਸਾਇੰਸ(ਜ਼) ਟੀਚਿੰਗ ਵਿਸ਼ੇ ਵਜੋਂ ਬੀ.ਐੱਡ ।
6. **ਇਤਿਹਾਸ:-** ਘੱਟੋ-ਘੱਟ 55% ਅੰਕਾਂ ਨਾਲ ਐਮ.ਏ. ਇਤਿਹਾਸ; ਇਤਿਹਾਸ, ਸਮਾਜਿਕ ਵਿਗਿਆਨ ਜਾਂ ਸੋਸ਼ਲ ਸਟੱਡੀਜ਼ ਟੀਚਿੰਗ ਵਿਸ਼ੇ ਵਜੋਂ ਬੀ.ਐੱਡ.; ਅਤੇ ਗ੍ਰੈਜੂਏਸ਼ਨ ਵਿੱਚ ਤਿੰਨ ਸਾਲ ਇਤਿਹਾਸ ਚੋਣਵੇਂ ਵਿਸ਼ੇ ਵਜੋਂ ।

1. **ਅਧਿਆਪਕ ਯੋਗਤਾ ਟੈਸਟ (TET):** ਗਰੁੱਪ ਬੀ ਨਿਯਮਾਂ ਦਾ ਨਿਯਮ 8 ਟੈੱਟ ਕੇਵਲ "ਜਿੱਥੇ ਲਾਗੂ ਹੋਵੇ" ਐਨ.ਸੀ.ਟੀ.ਈ. ਦਿਸ਼ਾ-ਨਿਰਦੇਸ਼ਾਂ ਅਨੁਸਾਰ ਮੰਗਦਾ ਹੈ। ਐਨ.ਸੀ.ਟੀ.ਈ. ਦਾ ਟੈੱਟ ਪਹਿਲੀ ਤੋਂ ਅੱਠਵੀਂ ਜਮਾਤ ਲਈ ਹੈ ਅਤੇ ਲੈਕਚਰਾਰ ਗਿਆਰ੍ਹਵੀਂ-ਬਾਰ੍ਹਵੀਂ ਜਮਾਤ ਨੂੰ ਪੜ੍ਹਾਉਂਦੇ ਹਨ, ਇਸ ਲਈ ਲੈਕਚਰਾਰਾਂ ਲਈ ਟੈੱਟ ਲੋੜੀਂਦਾ ਨਹੀਂ।
2. **ਚੋਣ ਪ੍ਰਕਿਰਿਆ:** ਗਰੁੱਪ ਬੀ ਨਿਯਮਾਂ ਵਿੱਚ ਕੋਈ ਵਿਸ਼ੇਸ਼ ਚੋਣ ਵਿਧੀ ਨਿਰਧਾਰਿਤ ਨਹੀਂ। ਸਕੂਲ ਦੀਆਂ ਸਾਰੀਆਂ ਅਧਿਆਪਨ ਅਸਾਮੀਆਂ ਵਿੱਚ ਇਕਸਾਰਤਾ ਲਈ ਚੋਣ ਕੇਵਲ ਲਿਖਤੀ ਮੁਕਾਬਲਾ ਪ੍ਰੀਖਿਆ ਰਾਹੀਂ ਹੋਵੇਗੀ, ਮੈਰਿਟ ਉਸੇ ਪ੍ਰੀਖਿਆ ਤੇ ਅਧਾਰਿਤ ਹੋਵੇਗੀ ਅਤੇ ਕੋਈ ਇੰਟਰਵਿਊ ਜਾਂ ਮੌਖਿਕ ਪ੍ਰੀਖਿਆ ਨਹੀਂ ਹੋਵੇਗੀ (ਸਕੀਮ ਭਾਗ 6 ਵਿੱਚ)। ਇਸ ਗਰੁੱਪ ਬੀ ਅਸਾਮੀ ਲਈ ਪੰਜਾਬੀ ਯੋਗਤਾ ਟੈਸਟ ਲੋੜੀਂਦਾ ਨਹੀਂ, ਪਰ ਮੈਟ੍ਰਿਕ ਪੰਜਾਬੀ ਸਹਿਤ ਦੀ ਸ਼ਰਤ (ਭਾਗ-2) ਲਾਗੂ ਰਹੇਗੀ।

2. ਟਰੇਂਡ ਗ੍ਰੈਜੂਏਟ ਅਧਿਆਪਕ-04

1. Computer Science (ਕੰਪਿਊਟਰ ਸਾਇੰਸ)=01 (SC Mazbhi/ Balmiki-L)
2. Punjabi (ਪੰਜਾਬੀ)=01, SC (R &O)
3. Hindi (ਹਿੰਦੀ)=01, (Gen EXS-L)
4. Music (ਸੰਗੀਤ)=01, BC (L)

ਤਨਖਾਹ ਸਕੇਲ:-35400-112400 (ਲੇਵਲ-6)

ਯੋਗਤਾਵਾਂ:

1. ਕੰਪਿਊਟਰ ਸਾਇੰਸ:- i) ਘੱਟੋ-ਘੱਟ **55%** ਅੰਕਾਂ ਨਾਲ ਬੀ.ਐੱਸ.ਸੀ. (ਕੰਪਿਊਟਰ ਸਾਇੰਸ ਜਾਂ ਆਈ.ਟੀ.), ਬੀ.ਸੀ.ਏ., ਜਾਂ ਬੀ.ਈ./ਬੀ.ਟੈੱਕ. (ਕੰਪਿਊਟਰ ਸਾਇੰਸ ਜਾਂ ਆਈ.ਟੀ.); ਜਾਂ ਕੋਈ ਵੀ ਗ੍ਰੈਜੂਏਸ਼ਨ ਜਿਸ ਵਿੱਚ ਤਿੰਨ ਸਾਲ ਕੰਪਿਊਟਰ ਸਾਇੰਸ ਜਾਂ ਕੰਪਿਊਟਰ ਐਪਲੀਕੇਸ਼ਨਜ਼ ਚੋਣਵੇਂ ਵਿਸ਼ੇ ਵਜੋਂ ਪੜ੍ਹਿਆ ਹੋਵੇ।

(II) ਮਾਨਤਾ ਪ੍ਰਾਪਤ ਯੂਨੀਵਰਸਿਟੀ ਜਾਂ ਸੰਸਥਾ ਤੋਂ ਬੀ.ਐੱਡ.

(III) ਹੋਰ ਮਾਸਟਰਾ ਵਾਂਗ ਪੀ.ਐੱਸ.ਟੈੱਟ ਪੇਪਰ-II

2. ਪੰਜਾਬੀ:- ਘੱਟੋ-ਘੱਟ **55%** ਅੰਕਾਂ ਨਾਲ ਗ੍ਰੈਜੂਏਸ਼ਨ, ਜਿਸ ਵਿੱਚ ਤਿੰਨ ਸਾਲ ਪੰਜਾਬੀ ਚੋਣਵੇਂ ਵਿਸ਼ੇ ਵਜੋਂ ਪੜ੍ਹੀ ਹੋਵੇ; ਅਤੇ ਪੰਜਾਬੀ ਇੱਕ ਟੀਚਿੰਗ ਵਿਸ਼ੇ ਵਜੋਂ ਬੀ.ਐੱਡ.

3. ਹਿੰਦੀ:- ਘੱਟੋ-ਘੱਟ 55% ਅੰਕਾਂ ਨਾਲ ਗ੍ਰੈਜੂਏਸ਼ਨ, ਜਿਸ ਵਿੱਚ ਤਿੰਨ ਸਾਲ ਹਿੰਦੀ ਚੋਣਵੇਂ ਵਿਸ਼ੇ ਵਜੋਂ ਪੜ੍ਹੀ ਹੋਵੇ; ਅਤੇ ਹਿੰਦੀ ਇੱਕ ਟੀਚਿੰਗ ਵਿਸ਼ੇ ਵਜੋਂ ਬੀ.ਐੱਡ.

4.ਸੰਗੀਤ:- ਘੱਟੋ-ਘੱਟ 55% ਅੰਕਾਂ ਨਾਲ ਸੰਗੀਤ (ਸਾਜ਼ ਜਾਂ ਗਾਇਨ) ਵਿੱਚ ਗ੍ਰੈਜੂਏਸ਼ਨ; ਅਤੇ ਸੰਗੀਤ ਇੱਕ ਟੀਚਿੰਗ ਵਿਸ਼ੇ ਵਜੋਂ ਬੀ.ਐੱਡ.

1. **ਅਧਿਆਪਕ ਯੋਗਤਾ ਟੈਸਟ:** 26.02.2020 ਨੂੰ ਬਦਲਿਆ ਨਿਯਮ 7 ਇਸ ਸੇਵਾ ਵਿੱਚ ਹਰ ਸਿੱਧੀ ਭਰਤੀ ਲਈ ਟੈੱਟ ਲਾਜ਼ਮੀ ਕਰਦਾ ਹੈ। ਇਸ ਲਈ ਉਮੀਦਵਾਰਾਂ ਨੇ ਸੰਬੰਧਿਤ ਵਿਸ਼ਾ-ਧਾਰਾ ਵਿੱਚ ਪੰਜਾਬ ਸਟੇਟ ਟੀਚਰ ਐਲੀਜੀਬਿਲਟੀ ਟੈਸਟ (ਪੀ.ਐੱਸ.ਟੈੱਟ) ਪੇਪਰ-II, ਜਾਂ ਜੇਕਰ ਯੂਨੀਵਰਸਿਟੀ ਪ੍ਰਵਾਨ ਕਰੇ ਤਾਂ ਸੀ.ਟੈੱਟ ਪੇਪਰ-II, ਪਾਸ ਕੀਤਾ ਹੋਵੇ। ਸਰਟੀਫਿਕੇਟ ਅਰਜ਼ੀਆਂ ਦੀ ਆਖ਼ਰੀ ਮਿਤੀ ਨੂੰ ਵੈਧ ਹੋਵੇ।

2 **ਚੋਣ ਪ੍ਰਕਿਰਿਆ** ਚੋਣ ਲਿਖਤੀ ਮੁਕਾਬਲਾ ਪ੍ਰੀਖਿਆ ਰਾਹੀਂ ਹੋਵੇਗੀ, ਅੰਤਿਮ ਚੋਣ ਉਸ ਪ੍ਰੀਖਿਆ ਦੀ ਮੈਰਿਟ ਤੇ ਹੋਵੇਗੀ ਅਤੇ ਕੋਈ ਮੌਖਿਕ ਪ੍ਰੀਖਿਆ ਜਾਂ ਇੰਟਰਵਿਊ ਨਹੀਂ ਹੋਵੇਗੀ (ਨਿਯਮ 6(4))। ਉਮੀਦਵਾਰਾਂ ਨੂੰ ਪੰਜਾਬੀ ਯੋਗਤਾ ਟੈਸਟ (ਗਰੁੱਪ ਸੀ) ਵੀ ਪਾਸ ਕਰਨਾ ਹੋਵੇਗਾ। ਉੱਚ ਯੋਗਤਾ ਲਈ ਕੋਈ ਵੇਟੇਜ ਨਹੀਂ, ਕਿਉਂਕਿ ਸਰਕਾਰ ਨੇ ਇਸ ਕਾਡਰ ਲਈ ਅਜਿਹਾ ਕੋਈ ਵੇਟੇਜ ਅਧਿਸੂਚਿਤ ਨਹੀਂ ਕੀਤਾ।

3. ਐਲੀਮੈਂਟਰੀ ਟਰੇਂਡ ਅਧਿਆਪਕ-01

1. Elementary Trained Teacher (ਐਲੀਮੈਂਟਰੀ ਟਰੇਂਡ ਅਧਿਆਪਕ) 01

29200-92300 (ਲੇਵਲ-5)

ਯੋਗਤਾਵਾਂ:-

ਗ੍ਰੈਜੂਏਸ਼ਨ	ਮਾਨਤਾ ਪ੍ਰਾਪਤ ਯੂਨੀਵਰਸਿਟੀ ਜਾਂ ਸੰਸਥਾ ਤੋਂ ਘੱਟੋ-ਘੱਟ 55% ਅੰਕ
ਪੇਸ਼ੇਵਰ ਯੋਗਤਾ	ਮਾਨਤਾ ਪ੍ਰਾਪਤ ਯੂਨੀਵਰਸਿਟੀ ਜਾਂ ਸੰਸਥਾ ਤੋਂ ਦੋ ਸਾਲਾ ਐਲੀਮੈਂਟਰੀ ਟੀਚਰਜ਼ ਟਰੇਨਿੰਗ ਕੋਰਸ, ਜਾਂ ਦੋ ਸਾਲਾ ਡਿਪਲੋਮਾ ਇਨ ਐਲੀਮੈਂਟਰੀ ਐਜੂਕੇਸ਼ਨ (ਡੀ.ਐਲ.ਐੱਡ.), ਕਿਸੇ ਵੀ ਨਾਂ ਨਾਲ। ਯੂ.ਜੀ.ਸੀ. ਦਿਸ਼ਾ ਨਿਰਦੇਸ਼ਾਂ ਅਨੁਸਾਰ ਯੂਨੀਵਰਸਿਟੀ ਵੱਲੋਂ ਪ੍ਰਮਾਣਿਤ ਬਰਾਬਰ ਯੋਗਤਾ ਵੀ ਪ੍ਰਵਾਨ
ਯੋਗ ਨਹੀਂ	ਗ੍ਰੈਜੂਏਸ਼ਨ ਤੋਂ ਬਿਨਾਂ **10+2** ਅਤੇ ਈ.ਟੀ.ਟੀ./ਡੀ.ਐਲ.ਐੱਡ. ਵਾਲੇ ਉਮੀਦਵਾਰ, ਕਿਉਂਕਿ ਇਹ ਰਾਹ **30.09.2025** ਨੂੰ ਬੰਦ ਹੋ ਗਿਆ। ਈ.ਟੀ.ਟੀ. ਦੀ ਸਿੱਧੀ ਭਰਤੀ ਲਈ ਬੀ.ਐੱਡ. ਦਰਜ ਨਹੀਂ ਅਤੇ ਈ.ਟੀ.ਟੀ./ਡੀ.ਐਲ.ਐੱਡ. ਦੀ ਥਾਂ ਪ੍ਰਵਾਨ ਨਹੀਂ
ਅਧਿਆਪਕ ਯੋਗਤਾ ਟੈਸਟ	ਪੀ.ਐੱਸ.ਟੈੱਟ ਪੇਪਰ-**I** (ਪਹਿਲੀ ਤੋਂ ਪੰਜਵੀਂ ਜਮਾਤ), ਅਰਜ਼ੀਆਂ ਦੀ ਆਖ਼ਰੀ ਮਿਤੀ ਨੂੰ ਵੈਧ, ਐਨ.ਸੀ.ਟੀ.ਈ. ਦਿਸ਼ਾ-ਨਿਰਦੇਸ਼ਾਂ ਅਤੇ **23.09.2022** ਨੂੰ ਬਦਲੇ ਨਿਯਮ 6(4) ਅਨੁਸਾਰ
ਪੰਜਾਬੀ	ਮੈਟ੍ਰਿਕ ਪੰਜਾਬੀ ਸਹਿਤ, ਅਤੇ ਪੰਜਾਬੀ ਯੋਗਤਾ ਟੈਸਟ (ਗਰੁੱਪ ਸੀ)

1. **ਚੋਣ ਪ੍ਰਕਿਰਿਆ:** ਚੋਣ ਅਸਾਮੀ ਲਈ ਨਿਰਧਾਰਿਤ ਲਿਖਤੀ ਟੈਸਟ ਰਾਹੀਂ ਹੋਵੇਗੀ, ਅੰਤਿਮ ਚੋਣ ਉਸ ਟੈਸਟ ਦੀ ਮੈਰਿਟ ਤੇ ਹੋਵੇਗੀ ਅਤੇ ਕੋਈ ਮੌਖਿਕ ਪ੍ਰੀਖਿਆ ਜਾਂ ਇੰਟਰਵਿਊ ਨਹੀਂ ਹੋਵੇਗੀ (ਨਿਯਮ 6(4), 23.09.2022)। ਉੱਚ ਯੋਗਤਾ ਲਈ ਕੋਈ ਵੇਟੇਜ ਨਹੀਂ, ਕਿਉਂਕਿ 27.07.2021 ਦੇ ਉਪਬੰਧ ਅਧੀਨ ਕੋਈ ਵੇਟੇਜ ਅਧਿਸੂਚਿਤ ਨਹੀਂ।

ਉਪਰੋਕਤ ਆਸਾਮੀਆਂ ਲਈ ਟੈਸਟ ਪ੍ਰੋਸੈਸਿੰਗ ਫੀਸ:-

ਲੜੀ ਨੰ।	ਉਮੀਦਵਾਰ ਦੀ ਸ਼੍ਰੇਣੀ	ਫੀਸ (ਰੁਪਏ) *
i.	ਜਨਰਲ ਅਤੇ ਹੋਰ ਸਾਰੀਆਂ ਸ਼੍ਰੇਣੀਆਂ (ਪਛੜੀਆਂ ਸ਼੍ਰੇਣੀਆਂ, ਆਰਥਿਕ ਤੌਰ ਤੇ ਕਮਜ਼ੋਰ ਵਰਗ, ਖਿਡਾਰੀ, ਸੁਤੰਤਰਤਾ ਸੈਨਾਨੀਆਂ ਦੇ ਆਸ਼ਰਿਤ ਅਤੇ ਸਾਬਕਾ ਸੈਨਿਕਾਂ ਦੇ ਆਸ਼ਰਿਤਾਂ ਸਮੇਤ)	**2000/-**
ii.	ਪੰਜਾਬ ਦੀਆਂ ਅਨੁਸੂਚਿਤ ਜਾਤੀਆਂ/ਅਨੁਸੂਚਿਤ ਕਬੀਲੇ	**1000/-**
iii.	ਪੰਜਾਬ ਦੇ ਸਾਬਕਾ ਸੈਨਿਕ (ਖੁਦ)	ਕੋਈ ਨਹੀਂ

* ਫੀਸ ਦੀ ਰਾਸ਼ੀ "**Registrar, Punjabi University, Patiala**" ਦੇ ਨਾਮ ਤੋਂ ਬਣਾਏ **Demand Draft** ਰਾਹੀਂ ਜਮ੍ਹਾਂ ਕਰਵਾਈ ਜਾਵੇ।

(ੳ) ਦਿਵਿਆਂਗ ਉਮੀਦਵਾਰ ਆਪਣੇ ਵਰਗ/ਸ਼੍ਰੇਣੀ (ਜਨਰਲ ਜਾਂ ਅ.ਜਾ.) ਅਨੁਸਾਰ ਫੀਸ ਜਮ੍ਹਾਂ ਕਰਵਾਉਣਗੇ।

(ਅ) ਸਾਬਕਾ ਸੈਨਿਕ (ਖੁਦ) ਨੂੰ ਫੀਸ ਤੋਂ ਛੋਟ ਕੇਵਲ ਇਸ ਸ਼ਰਤ ਤੇ ਮਿਲੇਗੀ ਕਿ ਉਸ ਨੂੰ ਨੌਕਰੀ ਦਾ ਨਿਸ਼ਚਿਤ ਅਰਸਾ ਮੁਕੰਮਲ ਹੋਣ ਤੋਂ ਪਹਿਲਾਂ ਆਪਣੀ ਬੇਨਤੀ ਤੇ ਜਾਂ ਬਦਚਲਣੀ/ਅਯੋਗਤਾ ਕਾਰਨ ਫਾਰਗ/ਡਿਸਚਾਰਜ ਨਾ ਕੀਤਾ ਗਿਆ ਹੋਵੇ। ਸਾਬਕਾ ਸੈਨਿਕਾਂ ਦੇ ਆਸ਼ਰਿਤ ਪੂਰੀ ਫੀਸ ਜਮ੍ਹਾਂ ਕਰਵਾਉਣਗੇ ਅਤੇ ਦਸਤਾਵੇਜ਼ਾਂ ਦੀ ਪੜਤਾਲ ਸਮੇਂ **Lineal Descendent Certificate (LDC)** ਪੇਸ਼ ਕਰਨਗੇ।

(ੲ) ਉਪਰੋਕਤ ਤੋਂ ਇਲਾਵਾ ਕਿਸੇ ਹੋਰ ਉਮੀਦਵਾਰ ਨੂੰ ਫੀਸ ਤੋਂ ਛੋਟ ਜਾਂ ਰਿਆਇਤ ਨਹੀਂ ਦਿੱਤੀ ਜਾਵੇਗੀ।

(ਸ) ਹਰ ਅਸਾਮੀ/ਵਿਸ਼ੇ ਲਈ ਵੱਖਰੀ ਅਰਜ਼ੀ ਅਤੇ ਵੱਖਰੀ ਫੀਸ ਹੋਵੇਗੀ। ਫੀਸ ਕੇਵਲ ਆਨਲਾਈਨ ਜਮ੍ਹਾਂ ਹੋਵੇਗੀ ਅਤੇ ਕਿਸੇ ਵੀ ਹਾਲਤ ਵਿੱਚ ਵਾਪਸ ਜਾਂ ਕਿਸੇ ਹੋਰ ਭਰਤੀ ਵਿੱਚ ਅਡਜਸਟ ਨਹੀਂ ਕੀਤੀ ਜਾਵੇਗੀ। ਪੇਮੈਂਟ ਗੇਟਵੇ/ਬੈਂਕ ਦੇ ਖਰਚੇ, ਜੇਕਰ ਕੋਈ ਹੋਣ, ਉਮੀਦਵਾਰ ਵੱਲੋਂ ਦੇਣਯੋਗ ਹੋਣਗੇ।

(ਹ) ਉਮੀਦਵਾਰ ਵੱਲੋਂ ਭਰੀ ਗਈ ਕੈਟਾਗਰੀ ਹੀ ਅੰਤਿਮ ਮੰਨੀ ਜਾਵੇਗੀ ਅਤੇ ਉਸੇ ਕੈਟਾਗਰੀ ਵਿੱਚ ਵਿਚਾਰਿਆ ਜਾਵੇਗਾ ਜਿਸ ਵਿੱਚ ਫੀਸ ਭਰੀ/ਕਨਫਰਮ ਹੋਈ ਹੋਵੇ। ਗਲਤ ਤੱਥਾਂ ਦੇ ਆਧਾਰ ਤੇ ਫੀਸ ਵਿੱਚ ਛੋਟ ਲੈਣ ਵਾਲੇ ਉਮੀਦਵਾਰ ਦੀ ਉਮੀਦਵਾਰੀ ਕਿਸੇ ਵੀ ਪੜਾਅ ਤੇ ਰੱਦ ਕਰ ਦਿੱਤੀ ਜਾਵੇਗੀ।

ਨਿਰਧਾਰਿਤ ਬਿਨੈ-ਪੱਤਰ ਯੂਨੀਵਰਸਿਟੀ ਮੇਨ ਗੇਟ ਤੇ ਸਥਿਤ ਯੂਨੀਵਰਸਿਟੀ **ਪੁੱਛ ਗਿੱਛ ਅਤੇ ਸੂਚਨਾ ਕੇਂਦਰ** ਦੇ ਇੰਚਾਰਜ ਤੋਂ ਗੈਰ-ਅਧਿਆਪਨ ਆਸਾਮੀਆਂ ਲਈ 100/- ਰੁਪਏ ਦੀ ਅਦਾਇਗੀ ਨਾਲ ਦਸਤੀ ਪ੍ਰਾਪਤ ਕੀਤੇ ਜਾ ਸਕਦੇ ਹਨ। ਬਿਨੈ-ਪੱਤਰ ਡਾਕ ਰਾਹੀਂ ਵੀ ਮੰਗਵਾਏ ਜਾ ਸਕਦੇ ਹਨ, ਜਿਸ ਲਈ **ਰਜਿਸਟਰਾਰ**, ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਨਾਂ ਤੇ ਫਾਰਮ ਦੀ ਕੀਮਤ ਦਾ ਡੀਮਾਂਡ ਡਰਾਫ਼ਟ, 25×10 ਸੈਂਟੀਮੀਟਰ ਦਾ ਲਿਫ਼ਾਫ਼ਾ ਜਿਸ ਤੇ 65/- ਰੁ. ਦੀਆਂ ਡਾਕ ਟਿਕਟਾਂ ਲਗੀਆਂ ਹੋਣ ਅਤੇ ਇਸ ਉੱਤੇ ਆਸਾਮੀ ਦਾ ਨਾਮ ਵੀ ਲਿਖਿਆ ਹੋਵੇ, **ਪੁੱਛ-ਗਿੱਛ ਅਤੇ ਸੂਚਨਾ ਕੇਂਦਰ** ਦੇ ਇੰਚਾਰਜ ਨੂੰ ਭੇਜਣਾ ਹੋਵੇਗਾ। ਬਿਨੈ-ਪੱਤਰ ਯੂਨੀਵਰਸਿਟੀ ਦੀ ਵੈਬਸਾਈਟ **punjabiuniversity.ac.in** ਤੋਂ download ਕਰਕੇ ਇਸ ਦੀ ਕੀਮਤ ਵਜੋਂ 100 ਰੁਪਏ ਦਾ ਡੀਮਾਡ ਡਰਾਫਟ ਲਗਾ ਕੇ ਭੇਜਿਆ ਜਾ ਸਕਦਾ ਹੈ। ਅਧੂਰੇ ਅਤੇ ਲੇਟ ਪਹੁੰਚਣ ਵਾਲੇ ਬਿਨੈ-ਪੱਤਰ ਰੱਦ ਕਰ ਦਿੱਤੇ ਜਾਣਗੇ।

ਨੋਟ:-

1. ਉਮੀਦਵਾਰ ਯੂਨੀਵਰਸਿਟੀ ਨਿਯਮਾਂ ਅਨੁਸਾਰ ਮੈਟ੍ਰਿਕ ਜਾਂ ਇਸ ਦੇ ਬਰਾਬਰ ਦੀ ਪ੍ਰੀਖਿਆ ਵਿਚ ਪੰਜਾਬੀ ਵਿਸ਼ਾ ਪਾਸ ਹੋਵੇ।
2. **ਨਾਗਰਿਕਤਾ ਅਤੇ ਚਾਲ-ਚਲਣ:** 1994 ਦੇ ਨਿਯਮਾਂ ਦੇ ਨਿਯਮ 3 ਅਨੁਸਾਰ। ਹਰ ਉਮੀਦਵਾਰ ਚਾਲ-ਚਲਣ ਸਰਟੀਫਿਕੇਟ ਅਤੇ ਇਹ ਹਲਫ਼ੀਆ ਬਿਆਨ ਦੇਵੇਗਾ ਕਿ ਉਸ ਨੂੰ ਨੈਤਿਕ ਪਤਨ ਵਾਲੇ ਕਿਸੇ ਜੁਰਮ ਵਿੱਚ ਸਜ਼ਾ ਨਹੀਂ ਹੋਈ ਅਤੇ ਨਾ ਹੀ ਉਸ ਨੂੰ ਸਰਕਾਰੀ ਸੇਵਾ ਤੋਂ ਬਰਖ਼ਾਸਤ ਕੀਤਾ ਗਿਆ ਹੈ।
3. **ਉਮਰ:** ਇਸ਼ਤਿਹਾਰ ਵਾਲੇ ਸਾਲ ਦੀ 1 ਜਨਵਰੀ ਨੂੰ (1994 ਦੇ ਨਿਯਮਾਂ ਦਾ ਨਿਯਮ 5;) ਹੇਠ ਲਿਖੀ ਛੋਟ ਸਮੇਤ: -

ਸ਼੍ਰੇਣੀ	ਉਪਰਲੀ ਉਮਰ ਸੀਮਾ
ਜਨਰਲ	37 ਸਾਲ

ਸ਼੍ਰੇਣੀ	ਉਪਰਲੀ ਉਮਰ ਸੀਮਾ
ਪੰਜਾਬ ਦੀਆਂ ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ	42 ਸਾਲ
ਪੰਜਾਬ ਦੀਆਂ ਵਿਧਵਾਵਾਂ, ਤਲਾਕਸ਼ੁਦਾ ਅਤੇ ਕੁਝ ਹੋਰ ਸ਼੍ਰੇਣੀਆਂ ਦੀਆਂ ਇਸਤਰੀਆਂ	42 ਸਾਲ
ਪੰਜਾਬ ਸਰਕਾਰ, ਹੋਰ ਰਾਜਾਂ ਜਾਂ ਭਾਰਤ ਸਰਕਾਰ ਦੇ ਕਰਮਚਾਰੀ	45 ਸਾਲ
ਪੰਜਾਬ ਦੇ ਬੈਂਚਮਾਰਕ ਦਿਵਿਆਂਗਤਾ ਵਾਲੇ ਵਿਅਕਤੀ	47 ਸਾਲ
ਪੰਜਾਬ ਦੇ ਸਾਬਕਾ ਸੈਨਿਕ	ਹਥਿਆਰਬੰਦ ਸੈਨਾਵਾਂ ਵਿੱਚ ਕੀਤੀ ਸੇਵਾ ਅਸਲ ਉਮਰ ਵਿੱਚੋਂ ਘਟਾਈ ਜਾਵੇਗੀ; ਬਾਕੀ ਉਮਰ ਉਪਰਲੀ ਸੀਮਾ ਤੋਂ 3 ਸਾਲ ਤੋਂ ਵੱਧ ਨਾ ਹੋਵੇ (ਪੰਜਾਬ ਰਿਕਰੂਟਮੈਂਟ ਆਫ਼ ਐਕਸ-ਸਰਵਿਸਮੈਨ ਰੂਲਜ਼, 1982)

4.ਰਾਖਵਾਂਕਰਨ: ਖਾਲੀ ਅਸਾਮੀਆਂ ਦੀ ਸਾਰਣੀ ਵਿੱਚ ਦਰਸਾਏ ਅਨੁਸਾਰ, ਪੰਜਾਬ ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ (ਸੇਵਾਵਾਂ ਵਿੱਚ ਰਾਖਵਾਂਕਰਨ) ਐਕਟ, 2006 ਅਤੇ ਸਾਬਕਾ ਸੈਨਿਕਾਂ, ਖਿਡਾਰੀਆਂ, ਦਿਵਿਆਂਗ ਵਿਅਕਤੀਆਂ ਅਤੇ ਇਸਤਰੀਆਂ ਬਾਰੇ ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ। ਸਾਰਾ ਰਾਖਵਾਂਕਰਨ ਕੇਵਲ ਪੰਜਾਬ ਦੇ ਵਸਨੀਕਾਂ ਲਈ ਹੈ। ਯੋਗਤਾ ਅੰਕਾਂ ਵਿੱਚ 50% ਦੀ ਛੋਟ ਕੇਵਲ ਨਿਯਮਾਂ ਵਿੱਚ ਦਰਜ ਸ਼੍ਰੇਣੀਆਂ ਲਈ ਹੈ: ਅ.ਜਾ., ਅ.ਜ.ਜਾ., ਹੋਰ ਪਛੜੀਆਂ ਸ਼੍ਰੇਣੀਆਂ, ਪ.ਸ਼੍ਰੇ. ਅਤੇ ਦਿਵਿਆਂਗ।

5.ਬਰਾਬਰ ਯੋਗਤਾਵਾਂ: ਨਿਰਧਾਰਿਤ ਯੋਗਤਾ ਤੋਂ ਵੱਖਰੀ ਯੋਗਤਾ ਕੇਵਲ ਤਾਂ ਹੀ ਪ੍ਰਵਾਨ ਹੋਵੇਗੀ ਜੇ ਕਿਸੇ ਮਾਨਤਾ ਪ੍ਰਾਪਤ ਯੂਨੀਵਰਸਿਟੀ ਨੇ ਯੂ.ਜੀ.ਸੀ. ਦਿਸ਼ਾ-ਨਿਰਦੇਸ਼ਾਂ ਅਨੁਸਾਰ ਉਸ ਦੀ ਬਰਾਬਰਤਾ ਪ੍ਰਮਾਣਿਤ ਕੀਤੀ ਹੋਵੇ, ਉਮੀਦਵਾਰ ਪੜਤਾਲ ਸਮੇਂ ਇਹ ਸਰਟੀਫਿਕੇਟ ਪੇਸ਼ ਕਰੇਗਾ।

6.ਆਖ਼ਰੀ ਮਿਤੀ ਤੱਕ ਯੋਗਤਾਵਾਂ: ਇਸ਼ਤਿਹਾਰ ਵਿਚ ਦਿੱਤੀ ਅੰਤਿਮ ਮਿਤੀ ਤੋਂ ਬਾਅਦ ਘੋਸ਼ਿਤ ਨਤੀਜੇ ਵਿਚਾਰੇ ਨਹੀਂ ਜਾਣਗੇ।

7. ਪਰਖ ਕਾਲ: ਪਰਖ ਕਾਲ ਦੌਰਾਨ ਪੰਜਾਬ ਵਿੱਤ ਵਿਭਾਗ ਦੀ ਨੋਟੀਫਿਕੇਸ਼ਨ ਨੰ: 7/204/2012-4FP1/66 ਮਿਤੀ 15.01.2015 ਅਤੇ ਪ੍ਰਸੋਨਲ ਵਿਭਾਗ ਦੇ ਪੱਤਰ ਮਿਤੀ 07.09.2016 ਅਨੁਸਾਰ, ਜਿਸ ਹੱਦ ਤੱਕ ਯੂਨੀਵਰਸਿਟੀ ਨੇ ਇਨ੍ਹਾਂ ਨੂੰ ਅਪਣਾਇਆ ਹੈ, ਪਰਖ ਕਾਲ 3 ਸਾਲ ਹੋਵੇਗਾ। ਤਨਖਾਹ ਸਕੇਲ ਦੀ ਘੱਟੋ-ਘੱਟ ਮੁੱਢਲੀ ਤਨਖਾਹ ਦਿੱਤੀ ਜਾਵੇਗੀ।

8. ਕੋਈ ਵਿਭਾਗੀ ਪ੍ਰੀਖਿਆ ਨਹੀਂ: ਨਿਯੁਕਤੀ ਤੋਂ ਬਾਅਦ ਕੋਈ ਵਿਭਾਗੀ ਪ੍ਰੀਖਿਆ ਲੋੜੀਂਦੀ ਨਹੀਂ, ਕਿਉਂਕਿ ਗਰੁੱਪ ਬੀ ਨਿਯਮ (ਨਿਯਮ 7) ਹੁਣ ਇਨ੍ਹਾਂ ਅਸਾਮੀਆਂ ਲਈ ਇਸ ਦੀ ਮੰਗ ਨਹੀਂ ਕਰਦੇ।

9.ਪੰਜਾਬ ਰਾਜ ਦੇ ਆਰਥਿਕ ਤੌਰ ਤੇ ਪਿਛੜੇ ਵਰਗ (EWS) ਦੇ ਉਮੀਦਵਾਰਾਂ ਦਾ ਰਾਖਵਾਂਕਰਨ ਪੰਜਾਬ ਸਰਕਾਰ ਸਮਾਜਿਕ ਨਿਆਂ ਅਧਿਕਾਰਿਤਾ ਅਤੇ ਘੱਟ ਗਿਣਤੀ ਵਰਗ ਦੇ ਪੱਤਰ ਨੰ.1/12/2019-RCI/120 ਮਿਤੀ 28-05-2019, ਪੱਤਰ ਨੰ.1/16/2019-RCI/116 ਮਿਤੀ 14-05-2019 ਅਤੇ ਪੱਤਰ ਨੰ.1/103761/2025 ਮਿਤੀ 10-02-2025 ਅਨੁਸਾਰ ਹੋਵੇਗਾ। ਆਰਥਿਕ ਤੌਰ ਤੇ ਪਿਛੜੇ ਵਰਗ (EWS) ਦਾ ਸਰਟੀਫਿਕੇਟ ਵਿੱਤੀ ਸਾਲ 2025-26 ਦੀ ਆਮਦਨ ਦੇ ਆਧਾਰ ਤੇ ਸਾਲ 2026-27 ਵਿੱਚ ਜਾਰੀ ਹੋਇਆ ਹੋਵੇ।

10. ਪੰਜਾਬ ਸਰਕਾਰ ਦੇ ਪੱਤਰ ਨੰਬਰ 7/42/2020-5 ਐਫ.ਪੀ. 1/741-746 ਮਿਤੀ 17.07.2020 ਅਨੁਸਾਰ ਪਰਖਕਾਲ ਦੇ ਸਮੇਂ ਦੌਰਾਨ Initial pay ਦਿੱਤੀ ਜਾਵੇਗੀ।

11.ਇਹ ਜਰੂਰੀ ਨਹੀਂ ਹੈ ਕਿ ਸਾਰੇ ਯੋਗ ਵਿਅਕਤੀਆਂ ਨੂੰ ਇੰਟਰਵਿਊ/ਟੈਸਟ ਤੇ ਬੁਲਾਇਆ ਜਾਵੇ, ਸਿਰਫ ਮੈਰਿਟ ਵਾਲੇ ਉਮੀਦਵਾਰਾਂ ਨੂੰ ਹੀ ਇੰਟਰਵਿਊ /ਟੈਸਟ ਤੇ ਬੁਲਾਇਆ ਜਾਵੇਗਾ।

12.ਆਸਾਮੀਆਂ ਭਰਨ ਜਾਂ ਨਾ-ਭਰਨ ਦਾ ਅਧਿਕਾਰ ਯੂਨੀਵਰਸਿਟੀ ਕੋਲ ਰਾਖਵਾਂ ਹੈ ਅਤੇ ਆਸਾਮੀਆਂ ਦੀ ਗਿਣਤੀ ਵਧਾਈ ਜਾ ਸਕਦੀ ਹੈ।

13.ਉਮੀਦਵਾਰ ਨੂੰ ਕੋਈ ਸਫ਼ਰੀ/ਦੈਨਿਕ ਭੱਤਾ ਨਹੀਂ ਦਿੱਤਾ ਜਾਵੇਗਾ। ਨਾ ਹੀ ਫਾਰਮ/ਡੀਮਾਂਡ ਡਰਾਂਫਟ ਦੀ ਕੀਮਤ ਵਾਪਸ ਕੀਤੀ ਜਾਵੇਗੀ।

14.ਜੋ ਉਮੀਦਵਾਰ ਕਿਸੇ ਸੰਸਥਾ ਦੀ ਸੇਵਾ ਵਿਚ ਹਨ, ਉਹ ਆਪਣੀ ਅਰਜ਼ੀ ਯੋਗ ਪ੍ਰਣਾਲੀ ਰਾਹੀਂ ਭੇਜਣ ਅਤੇ ਇਕ ਅਗੇਤੀ ਕਾਪੀ ਲੋੜੀਂਦੇ ਸਰਟੀਫਿਕੇਟਾਂ/ਅੰਕ ਬਿਓਰਾ ਕਾਰਡਾਂ ਅਤੇ ਹੋਰ ਦਸਤਾਵੇਜਾਂ ਸਹਿਤ ਯੂਨੀਵਰਸਿਟੀ ਨੂੰ ਸਿੱਧੇ ਤੌਰ ਤੇ ਭੇਜੀ ਜਾ ਸਕਦੀ ਹੈ।

15.ਬਿਨੈ ਫਾਰਮ ਨਾਲ 9"×4" ਦੇ ਦੋ ਸੈਲਫ ਐਡਰੈਸਡ ਲਿਫਾਫੇ (ਹਰੇਕ ਉਤੇ 65 ਰੁਪਏ ਦੀ ਡਾਕ ਟਿਕਟ ਲੱਗੀ ਹੋਵੇ) ਜਰੂਰ ਭੇਜੇ ਜਾਣ।

10/11/2026

ਰਜਿਸਟਰਾਰ